# ਵੱਖ-ਵੱਖ ਵਸਤਾਂ ਵਿੱਚ ਮਿਲ਼ਾਵਟ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ।

ਸੇਵਾ ਵਿਖੇ

ਸੰਪਾਦਕ ਸਾਹਿਬ,

ਰੋਜ਼ਾਨਾ ਅਜੀਤ,


ਨਹਿਰੂ ਗਾਰਡਨ ਰੋਡ,

ਜਲੰਧਰ।


ਵਿਸ਼ਾ :- ਨਿੱਤ ਵਰਤੋਂ ਦੀਆਂ ਵਸਤਾਂ ਵਿੱਚ ਹੋ ਰਹੀ ਮਿਲਾਵਟ ਸਬੰਧੀ।

ਸ੍ਰੀਮਾਨ ਜੀ,

ਮੈਂ ਆਪਣੇ ਇਸ ਪੱਤਰ ਦੁਆਰਾ ਨਿੱਤ ਵਰਤੋਂ ਦੀਆਂ ਚੀਜ਼ਾਂ ਵਿੱਚ ਹੁੰਦੀ ਮਿਲਾਵਟ ਵੱਲ ਸਰਕਾਰ ਅਤੇ ਲੋਕਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਅੱਜ ਕੱਲ੍ਹ ਸਾਡੇ ਦੇਸ਼ ਵਿੱਚ ਕੁੱਝ ਵਪਾਰੀ ਅਤੇ ਦੁਕਾਨਦਾਰ ਵਧੇਰੇ ਮੁਨਾਫ਼ੇ ਲਈ ਖਾਣ ਵਾਲੀਆਂ ਵਸਤਾਂ ਵਿੱਚ ਮਿਲਾਵਟ ਕਰ ਰਹੇ ਹਨ।



ਦੇਸੀ ਘਿਓ ਦੀ ਕਹਿ ਕੇ ਵੇਚੀ ਜਾਂਦੀ ਮਠਿਆਈ ਅਕਸਰ ਬਨਾਉਟੀ ਘਿਓ ਦੁਆਰਾ ਤਿਆਰ ਕੀਤੀ ਜਾਂਦੀ ਹੈ। ਕੇਸਰ ਦੇ ਬਣੇ ਆਖੇ ਜਾਂਦੇ ਲੱਡੂਆਂ ਵਿੱਚ ਕੈਮੀਕਲ ਰੰਗ ਹੀ ਮਿਲਾਇਆ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਦੇ ਲਾਲਚੀ ਲੋਕ ਮਨੁੱਖੀ ਸਿਹਤ ਨਾਲ ਸ਼ਰੇਆਮ ਖਿਲਵਾੜ ਕਰ ਰਹੇ ਹਨ।



ਕੱਲ੍ਹ ਦੀ ਹੀ ਗੱਲ ਹੈ ਕਿ ਮੇਰੇ ਮਾਤਾ ਜੀ ਬਾਜ਼ਾਰ ਵਿੱਚੋਂ ਘਰ ਲਈ ਰਾਸ਼ਨ ਖ਼ਰੀਦ ਕੇ ਲਿਆਏ। ਘਰ ਜਾ ਕੇ ਵੇਖਿਆ ਕਿ ਦਾਲਾਂ ਵਿੱਚ ਬਰੀਕ ਕੰਕਰ ਕਾਫ਼ੀ ਮਾਤਰਾ ਵਿੱਚ ਰਲੇ ਹੋਏ ਸਨ। ਚਾਹ-ਪੱਤੀ ਵਿੱਚ ਲੋਹ-ਚੂਰਨ ਮਿਲ਼ਿਆ ਹੋਇਆ ਸੀ। ਦੇਸੀ ਘਿਓ ਵਿੱਚ ਬਣਾਉਟੀ ਘਿਓ ਮਿਲ਼ਾਇਆ ਪ੍ਰਤੀਤ ਹੁੰਦਾ ਸੀ। ਅਸੀਂ ਇਸ ਸਬੰਧੀ ਉਪਭੋਗਤਾ ਸੁਰੱਖਿਆ ਵਿਭਾਗ ਨੂੰ ਸ਼ਿਕਾਇਤ ਕਰਨ ਦਾ ਫੈਸਲਾ ਕੀਤਾ ਹੈ।





ਦੁੱਧ, ਪਨੀਰ, ਖੋਏ ਅਤੇ ਮਿਠਿਆਈ ਨੂੰ ਤਿਆਰ ਕਰਨ ਵਾਲ਼ੀਆਂ ਫ਼ੈਕਟਰੀਆਂ ਦੇ ਫੜੇ ਜਾਣ ਦੀਆਂ ਖ਼ਬਰਾਂ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਰਾਹੀਂ ਜੱਗ ਜ਼ਾਹਿਰ ਹੋ ਰਹੀਆਂ ਹਨ। ਪ੍ਰੰਤੂ ਇਨ੍ਹਾਂ ਦੋਸ਼ੀਆਂ ਤੇ ਕੋਈ ਸਖ਼ਤ ਕਾਰਵਾਈ ਨਾ ਹੋਣ ਕਰਕੇ ਮਨ ਬਹੁਤ ਦੁਖੀ ਹੁੰਦਾ ਹੈ।


ਖੰਨਾ ਦੇ ਐੱਸ. ਐੱਸ. ਪੀ. ਧਰੁਵ ਦਹੀਆ ਫੜੇ ਗਏ ਨਕਲੀ ਖੋਏ ਸਬੰਧੀ ਜਾਣਕਾਰੀ ਦਿੰਦੇ ਹੋਏ, ਨਾਲ ਐੱਸ. ਪੀ. ਜਸਵੀਰ ਸਿੰਘ ਤੇ ਹੋਰ ਪੁਲਿਸ ਅਧਿਕਾਰੀ। ਤਸਵੀਰ : ਦਵਿੰਦਰ ਸਿੰਘ ਗੋਗੀ







ਮੇਰਾ ਸੁਝਾਅ ਹੈ ਕਿ ਸੰਬੰਧਿਤ ਅਧਿਕਾਰੀਆਂ ਨੂੰ ਅਜਿਹੇ ਲੋਕਾਂ ਦੇ ਟਿਕਾਣਿਆਂ ‘ਤੇ ਲਗਾਤਾਰ ਛਾਪੇ ਮਾਰ ਕੇ ਉਨ੍ਹਾਂ ਦੁਆਰਾ ਤਿਆਰ ਕੀਤੀਆਂ ਵਸਤੂਆਂ ਦੇ ਨਮੂਨੇ ਭਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਅਜਿਹੇ ਲੋਕ ਮਿਲਾਵਟ ਨਾ ਕਰ ਸਕਣ। ਜੇਕਰ ਇਸ ਸਬੰਧੀ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਉੱਪਰ ਸਖ਼ਤ ਕਾਰਵਾਈ ਕਰਨ ਹੋਣ ਚਾਹੀਦੀ ਹੈ।



ਆਸ ਹੈ ਕਿ ਸਬੰਧਿਤ ਅਧਿਕਾਰੀ ਅਤੇ ਜਨਤਾ ਦੇ ਆਗੂ ਇਸ ਪ੍ਰਕਾਰ ਦੇ ਹੋ ਰਹੇ ਘਿਨਾਉਣੇ ਅਪਰਾਧ ਲਈ ਹਰ ਸੰਭਵ ਯਤਨ ਕਰਨਗੇ।

ਆਪ ਜੀ ਦਾ ਵਿਸ਼ਵਾਸ ਪਾਤਰ,

ਰਮਨਪ੍ਰੀਤ ਸਿੰਘ ਸਪੁੱਤਰ ਸ. ਅਮਰੀਕ ਸਿੰਘ,

ਪਿੰਡ : ਰੁੜਕੀ, ਤਹਿਸੀਲ : ਗੜ੍ਹਸ਼ੰਕਰ,

ਜ਼ਿਲ੍ਹਾ : ਹੁਸ਼ਿਆਰਪੁਰ।

ਮਿਤੀ 16 ਅਪਰੈਲ 2020.

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸ.ਹ.ਸ ਭਿੰਡੀ ਔਲਖ (ਅੰਮ੍ਰਿਤਸਰ )